بِسۡمِ اللّٰہِ الرَّحۡمٰنِ الرَّحِیۡمِ   نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ   وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.01.2021

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਜਨਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم ـ بِسۡمِ اللّٰهِ الرَّحۡمٰنِ الرَّحِيۡمِ ـ اَلۡحَمۡدُ لِلّٰهِ رَبِّ الۡعَالَمِيۡنَ ـ الرَّحۡمٰنِ الرَّحِيۡمِ ـ مَالِكِ يَوۡمِ الدِّيۡنِ ـ إِيَّاكَ نَعۡبُدُ وَإِيَّاكَ نَسۡتَعِيۡنُ ـ اِهۡدِنَا الصِّرَاطَ الۡمُسۡتَقِيۡمَ ـ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ـ

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅੱਜ ਮੈਂ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਸ਼ੁਰੂ ਕਰਾਂਗਾ । ਹਜ਼ਰਤ ਉਸਮਾਨ ਬਾਰੇ ਪਹਿਲੀ ਗੱਲ ਤਾਂ ਇਹ ਚੇਤੇ ਰਖੱਣੀ ਚਾਹੀਦੀ ਹੈ ਇਹ ਆਪ ਬਦਰ ਦੀ ਜੰਗ ਵਿੱਚ ਸ਼ਾਮਲ ਨਹੀਂ ਹੋਏ ਸਨ ਪਰੰਤੂ ਉਹਨਾ ਅੱਠ ਖ਼ੁਸ਼ਨਸੀਬੇ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਬਦਰ ਦੀ ਜੰਗ ਦੇ ਗ਼ਨੀਮਤ ਦੇ ਮਾਲ ਵਿੱਚੋਂ ਹਿਸੱਾ ਦੇਕੇ ਜੰਗ ਵਿੱਚ ਸ਼ਾਮਲ ਕੀਤਾ ਸੀ । ਆਪ ਦਾ ਵੰਸ਼ ਇਸ ਪ੍ਰਕਾਰ ਹੈ : ਉਸਮਾਨ ਬਿਨ (ਪੁਤੱਰ) ਅਫ਼ਾਨ ਬਿਨ ਅਬੁਲ ਆਸ ਬਿਨ ਉਮਯੱਾ ਬਿਨ ਅਬਦੁਸ਼ੱਮਸ ਬਿਨ ਅਬਦ ਮੁਨਾਫ਼ ਬਿਨ ਕਸਾ ਬਿਨ ਕਲਾਬ । ਇਸ ਪ੍ਰਕਾਰ ਆਪਦਾ ਵੰਸ਼ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਵੰਸ਼ ਨਾਲ ਪੰਜਵੀਂ ਪੀੜ੍ਹੀ'ਤੇ ਅਬਦ ਮੁਨਾਫ਼'ਤੇ ਜਾ ਮਿਲਦਾ ਹੈ । ਹਜ਼ਰਤ ਉਸਮਾਨ ਦੀ ਨਾਨੀ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਿਤਾ ਹਜ਼ਰਤ ਅਬਦੁਲੱਾਹ ਦੀ ਸਗੀ ਭੈਣ ਸਨ । ਹਜ਼ਰਤ ਉਸਮਾਨ ਦੀ ਮਾਤਾ ਅਰਵਾਹ ਬਿੰਤ (ਪੁਤੱਰੀ) ਕੁਰੈਜ਼ ਨੇ ਹੁਦੈਬੀਆਹ ਦੀ ਸੰਧੀ ਦੇ ਬਾਦ ਇਸਲਾਮ ਕੁਬੂਲ ਕੀਤਾ ਸੀ ਅਤੇ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਆ ਗਈ ਸਨ ਅਤੇ ਆਪਣੇ ਪੁਤੱਰ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਦੇਹਾਂਤ ਤੱਕ ਮਦੀਨੇ ਵਿੱਚ ਹੀ ਸਿਥਿਰ ਰਹੀਂ ਸਨ । ਹਜ਼ਰਤ ਉਸਮਾਨ ਦੇ ਪਿਤਾ ਜਹਾਲਤ ਦੇ ਕਾਲ ਵਿੱਚ ਹੀ ਪਰਲੋਕ ਸਿਧਾਰ ਗਏ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੀ ਬੇਟੀ ਹਜ਼ਰਤ ਰੁਕਯੱਾ ਦਾ ਵਿਆਹ ਹਜ਼ਰਤ ਉਸਮਾਨ ਨਾਲ ਕੀਤਾ ਜੋ ਬਦਰ ਦੀ ਜੰਗ ਦੇ ਦਿਨਾਂ ਵਿੱਚ ਸਵਰਗ ਸਿਧਾਰ ਗਈਂ ਸਨ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੀ ਦੂਜੀ ਬੇਟੀ ਹਜ਼ਰਤ ਉਮੱਲ ਕੁਲਸੂਮ ਨੂੰ ਹਜ਼ਰਤ ਉਸਾਮਨ ਨਾਲ ਵਿਆਹ ਦਿਤੱਾ, ਇਸੇ ਕਰਕੇ ਆਪ ਨੂੰ 'ਜ਼ੁਨੱੂਰੈਨ' (ਦੋ ਨੂਰਾਂ ਵਾਲਾ) ਕਿਹਾ ਜਾਣ ਲਗੱਾ ।

ਹਜ਼ਰਤ ਉਸਮਾਨ ਆਮੁਲ ਫ਼ੀਲ (ਜਿਸ ਸਾਲ ਹਾਥੀਆਂ ਵਾਲਿਆਂ ਨੇ ਮੱਕੇ ਨੂੰ ਢਾਹੁਣ ਲਈ ਚੜ੍ਹਾਈ ਕੀਤੀ ਸੀ) ਦੇ ਛੇ ਸਾਲ ਬਾਦ ਮੱਕੇ ਵਿੱਚ ਪੈਦਾ ਹੋਏ ਸਨ । ਆਪ ਰਸੂਲੁਲੱਾਹ ਸਲੱਾਹੁ ਅਲੈਹਿ ਵਸਲੱਮ ਤੋਂ ਲਗਭਗ ਪੰਜ ਸਾਲ ਛੋਟੇ ਸਨ । ਆਪ ਜੀ ਦੇ ਇਸਲਾਮ ਕੁਬੂਲ ਕਰਨ ਬਾਰੇ ਬਿਆਨ ਕੀਤਾ ਜਾਂਦਾ ਹੈ ਕਿ ਇਕ ਵਾਰ ਹਜ਼ਰਤ ਉਸਾਮਾਨ ਬਿਨ ਅਫ਼ਾਨ ਅਤੇ ਹਜ਼ਰਤ ਤਲਹਾ ਬਿਨ ਉਬੈਦੁਲੱਾਹ ਦੋਵੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾਂ ਵਿੱਚ ਹਾਜ਼ਰ ਹੋਏ । ਆਪ ਨੇ ਇਹਨਾ ਦੋਹਾਂ ਦੇ ਸਾਹਮਣੇ ਇਸਲਾਮ ਦਾ ਸੰਦੇਸ਼ ਰੱਖਿਆ ਅਤੇ ਇਹਨਾ ਨੂੰ ਕੁਰਆਨ ਕਰੀਮ ਪੜ੍ਹਕੇ ਸੁਣਾਇਆ ਅਤੇ ਇਹਨਾ ਨੂੰ ਇਸਲਾਮ ਦੀ ਸਚੱਾਈ ਬਾਰੇ ਜਾਣੂ ਕਰਾਇਆ ਅਤੇ ਇਹਨਾ ਨਾਲ ਰੱਬ ਵੱਲੋਂ ਮਿਲਣ ਵਾਲੇ ਸਨਮਾਨ ਤੇ ਸਤਿਕਾਰ ਦਾ ਪ੍ਰਣ ਕੀਤਾ । ਇਸ'ਤੇ ਹਜ਼ਰਤ ਉਸਮਾਨ ਅਤੇ ਹਜ਼ਰਤ ਤਲਹਾ ਦੋਵੇਂ ਇਮਾਨ ਲੈ ਆਏ ਅਤੇ ਆਪਦੀ ਤਸਦੀਕ ਕੀਤੀ । ਹਜ਼ਰਤ ਉਸਮਾਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਦਾਰੁਲ ਅਰਕਮ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਪਹਿਲੇ ਇਸਲਾਮ ਲਿਆਉਣ ਵਾਲਿਆਂ ਵਿੱਚੋਂ ਸਨ ।

ਇਸਲਾਮ ਕ਼ਬੂਲ ਕਰਨ ਦੇ ਬਾਦ ਆਪ ਉਪੱਰ ਵੀ ਜ਼ੁਲਮ ਹੋਏ । ਮੂਸਾ ਬਿਨ ਮੁਹਮੱਦ ਆਪਣੇ ਪਿਤਾ ਵੱਲੋਂ ਰਿਵਾਇਤ ਕਰਦੇ ਹਨ ਕਿ ਜੱਦ ਹਜ਼ਰਤ ਉਸਮਾਨ ਬਿਨ ਅਫ਼ਾਨ ਨੇ ਇਸਲਾਮ ਕ਼ਬੂਲ ਕੀਤਾ ਤਾਂ ਆਪਦੇ ਚਾਚਾ ਹਕਮ ਬਿਨ ਅਬੁਲਆਸ ਬਿਨ ਉਮਯੱਾ ਨੇ ਆਪ ਨੂੰ ਫੜਕੇ ਰਸੀਆਂ ਨਾਲ ਬਨ੍ਹ ਦਿਤੱਾ ਅਤੇ ਕਿਹਾ ਕਿ ਕੀ ਤੂੰ ਆਪਣੇ ਬਾਪ ਦਾਦਿਆਂ ਦਾ ਧਰਮ ਛਡੱਕੇ ਨਵੇਂ ਧਰਮ ਨੂੰ ਧਾਰਨ ਕਰਦਾ ਹੈਂ । ਰੱਬ ਦੀ ਸਹੁੰ ਮੈਂ ਤੈਨੂੰ ਉਕੱਾ ਹੀ ਨਹੀਂ ਖੋਲਾਂਗਾ, ਇੱਥੋਂ ਤੱਕ ਕਿ ਤੁਸੀਂ ਆਪਣਾ ਨਵਾਂ ਧਰਮ ਛੱਡ ਦਿਓ । ਇਸ'ਤੇ ਹਜ਼ਰਤ ਉਸਮਾਨ ਨੇ ਕਿਹਾ ਰੱਬ ਦੀ ਸਹੁੰ ਮੈਂ ਇਸਨੂੰ ਕਦੇ ਨਹੀਂ ਛਡੱਾਂਗਾ ਅਤੇ ਨ ਹੀ ਇਸ ਤੋਂ ਅੱਡ ਹੋਵਾਂਗਾ । ਹਕਮ ਨੇ ਜੱਦ ਆਪ ਦੀ ਨਵੇਂ ਧਰਮ'ਤੇ ਐਨ੍ਹੀ ਪੱਕਿਆਈ ਦੇਖੀ ਤਾਂ ਫਿਰ ਮਜਬੂਰੀ ਵਿੱਚ ਆਪਨੂੰ ਛੱਡ ਦਿਤੱਾ ।

ਆਂਹਜਰਤ ਸਲਲੱਾਹੁ ਅਲੈਹਿ ਵਨਲੱਮ ਦੀ ਸਾਹਿਬਜ਼ਾਦੀ ਹਜ਼ਰਤ ਰੁਕਯੱਾ ਦਾ ਵਿਆਹ ਹਜ਼ਰਤ ਉਸਮਾਨ ਬਿਨ ਅਫ਼ਾਨ ਨਾਲ ਮੱਕੇ ਵਿੱਚ ਹੀ ਹੋ ਗਿਆ ਸੀ । ਹਜ਼ਰਤ ਉਸਮਾਨ ਨੇ ਇਹਨਾ ਨਾਲ ਹਬਸ਼ੇ ਵੱਲ ਹਿਜਰਤ ਕੀਤੀ । ਹਜ਼ਰਤ ਰੁਕਯੱਾ ਅਤੇ ਹਜ਼ਰਤ ਉਸਮਾਨ ਦੋਵੇਂ ਹੀ ਆਪਣੀ ਸੁੰਦਰਤਾ ਵਿੱਚ ਆਪ ਉਧਾਰਣ ਸਨ । ਇਸੇ ਲਈ ਹੀ ਕਿਹਾ ਜਾਂਦਾ ਹੈ ਕਿ 'ਅਹਸਾਨਾ ਜ਼ੌਜੈਨਿ ਰਾਆਹੁਮਾ ਇਨਸਾਨੁਨ ਰੁਕਯੱਾਤੁ ਵ ਜ਼ੁਜੁਹਾ ਉਸਮਾਨ' (-اَحسَنَ زَوْجَیْنِ رَاٰهُمَا اِنْسَانٌ رُقَیَّۃُ وَزُوْجُهَا عُثْمَان) ਸਭ ਤੋਂ ਸੁੰਦਰ ਜੋੜਾ ਜੋ ਕਿਸੇ ਮਨੁੱਖ ਨੇ ਦੇਖਿਆ ਹੋਵੇ ਉਹ ਹਜ਼ਰਤ ਰੁਕਯੱਾ ਅਤੇ ਉਹਨਾ ਦੇ ਪਤੀ ਹਜ਼ਰਤ ਉਸਮਾਨ ਹਨ ।

ਅਬਦੁਰ ਰਹਮਾਨ ਬਿਨ ਉਸਮਾਨ ਕਰਸ਼ੀ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਆਪਣੀ ਬੇਟੀ ਦੇ ਘਰ ਆਏ, ਉਹ ਉਸ ਸਮੇਂ ਹਜ਼ਰਤ ਉਸਮਾਨ ਦਾ ਸਿਰ ਧੋ ਰਹੀ ਸਨ, ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਬੇਟੀ ਅਬੂ ਅਬਦੁਲੱਾਹ ਨਾਲ ਚੰਗਾ ਵਰਤਾਉ ਕਰਦੀ ਰਹੋ, ਨਿਸ਼ਚੇ ਹੀ ਇਹ ਮੇਰੇ ਸਹਾਬਾ ਵਿੱਚੋਂ ਅਖ਼ਲਾਕ ਦੇ ਪੱਖੋਂ ਮੇਰੇ ਨਾਲ ਸਭ ਤੋਂ ਵੱਧ ਤੁਲਨਾਕਤਮਕ ਹਨ । ਰਸੂਲੁਲੱਾਹ ਸਲਲੱਾਹ ਅਲੈਹਿ ਵਸਲੱਮ ਦੇ ਸਹਾਬਾ ਉਪੱਰ ਜੋ ਪ੍ਰੀਖਿਆ ਤੇ ਅਤਿਆਚਾਰ ਹੋ ਰਹੇ ਸਨ, ਇਸ'ਤੇ ਆਪ ਨੇ ਇਹਨਾ ਨੂੰ ਫ਼ਰਮਾਇਆ ਕਿ ਜੇਕਰ ਤੁਸੀਂ ਹਬਸ਼ੇ ਦੀ ਧਰਤੀ ਵੱਲ ਕੂਚ ਕਰ ਜਾਓ ਤਾਂ ਉੱਥੇ ਇਕ ਅਜਿਹਾ ਬਾਦਸ਼ਾਹ ਹੈ ਜਿਸਦੇ ਕੋਲ ਕਿਸੇ ਉਪੱਰ ਜ਼ੁਲਮ ਤੇ ਵਧੀਕੀ ਨਹੀਂ ਕੀਤੀ ਜਾਂਦੀ ਅਤੇ ਉਹ ਸਚੱਾਈ ਦੀ ਧਰਤੀ ਹੈ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਸਹਾਬਾ ਹਬਸ਼ੇ ਦੀ ਧਰਤੀ ਵੱਲ ਤੁਰ ਪਏ ਇਹ ਇਸਲਾਮ ਵਿੱਚ ਹੋਣ ਵਾਲੀ ਪਹਿਲੀ ਹਿਜਰਤ ਸੀ । ਹਬਸ਼ੇ ਵੱਲ ਹਿਜਰਤ ਕਰਨ ਵਾਲੇ ਸਹਾਬਾ ਵਿੱਚ ਹਜ਼ਰਤ ਉਸਮਾਨ ਆਪਣੀ ਪਤਨੀ ਹਜ਼ਰਤ ਰੁਕਯੱਾ ਬਿੰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਸਨ ।

ਹਜ਼ਰਤ ਸਅਦ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਉਸਮਾਨ ਬਿਨ ਅਫ਼ਾਨ ਨੇ ਹਬਸ਼ੇ ਦੀ ਧਰਤੀ ਵੱਲ ਹਿਜਰਤ ਕਰਨ ਦਾ ਨਿਸ਼ਚਾ ਕੀਤਾ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾ ਨੂੰ ਫ਼ਰਮਾਇਆ ਕਿ ਰੁਕਯੱਾ ਨੂੰ ਵੀ ਨਾਲ ਲੈ ਜਾਓ, ਮੇਰਾ ਵਿਚਾਰ ਹੈ ਕਿ ਤੁਹਾਡੇ ਵਿੱਚੋਂ ਹਰ ਇਕ ਦੂਜੇ ਦਾ ਹੌਂਸਲਾ ਵਧਾਉਂਦਾ ਰਹੇਗਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਿਆ ਹੇ ਅਬੂ ਬਕਰ ਹਜ਼ਰਤ ਲੂਤ ਅਤੇ ਹਜ਼ਰਤ ਇਬਰਾਹੀਮ ਦੇ ਬਾਦ ਇਹ ਦੋਵੇਂ ਅਰਥਾਤ ਉਸਮਾਨ ਤੇ ਰੁਕਯੱਾ ਹਿਜਰਤ ਕਰਨ ਵਾਲਿਆਂ ਵਿੱਚੋਂ ਸਭ ਤੋਂ ਪਹਿਲਾਂ ਹਿਜਰਤ ਕਰਨ ਵਾਲੇ ਹਨ ।

ਹਬਸ਼ੇ ਤੋਂ ਇਹਨਾ ਦੀ ਵਾਪਸੀ ਦੀ ਘਟਨਾ ਵੀ ਇਸ ਪ੍ਰਕਾਰ ਵਰਨਣ ਹੋਈ ਹੈ ਜੱਦ ਕੁਝ ਸਹਾਬਾ ਕੁਰੈਸ਼ਾਂ ਦੇ ਇਸਲਾਮ ਲਿਆਉਣ ਦੀ ਗ਼ਲਤ ਖ਼ਬਰ ਸੁਣਕੇ ਆਪਣੇ ਵਤਨ (ਦੇਸ਼) ਪਰਤ ਆਏ ਤਾਂ ਹਜ਼ਰਤ ਉਸਮਾਨ ਵੀ ਆ ਗਏ । ਇੱਥੇ ਆਣਕੇ ਪਤਾ ਲਗੱਾ ਕਿ ਇਹ ਖ਼ਬਰ ਝੂਠੀ ਹੈ । ਇਸ ਕਰਕੇ ਕੁਝ ਸਹਾਬਾ ਤਾਂ ਫ਼ਿਰ ਹਬਸ਼ੇ ਵੱਲ ਪਰਤ ਗਏ ਪਰ ਹਜ਼ਰਤ ਉਸਮਾਨ ਮੱਕੇ ਵਿੱਚ ਹੀ ਰਹੇ ਇੱਥੋਂ ਕਿ ਕਿ ਮਦੀਨੇ ਵੱਲ ਹਿਜਰਤ ਦੇ ਸਾਧਨ ਪੈਦਾ ਹੋਏ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਸਾਰਿਆਂ ਸਹਾਬਾ ਨੂੰ ਮਦੀਨੇ ਵੱਲ ਹਿਜਰਤ ਕਰਨ ਦਾ ਨਿਰਦੇਸ਼ ਦਿਤੱਾ ਤਾਂ ਹਜ਼ਰਤ ਉਸਮਾਨ ਵੀ ਆਪਣੇ ਪਰਿਵਾਰ ਸਹਿਤ ਮਦੀਨੇ ਆ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਉਸਮਾਨ ਦੀ ਮਦੀਨੇ ਵਿੱਚ ਭਾਈਬੰਦੀ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ ਕਿ ਜੱਦ ਹਜ਼ਰਤ ਉਸਮਾਨ ਨੇ ਮੱਕੇ ਤੋਂ ਮਦੀਨੇ ਵੱਲ ਹਿਜਰਤ ਕੀਤੀ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਸਮਾਨ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਵਿੱਚਕਾਰ ਭਾਈਬੰਦੀ ਕਰਾਈ । ਇਕ ਰਿਵਾਇਤ ਅਨੁਸਾਰ ਹਜ਼ਰਤ ਉਸਮਾਨ ਦੀ ਭਾਈਬੰਦੀ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਨਾਲ ਕੀਤੀ ਸੀ । ਤਬਕਾਤੁਲ ਕੁਬਰਾ ਵਿੱਚ ਲਿੱਖਿਆ ਹੈ ਕਿ ਜੱਦ ਹਜ਼ਰਤ ਉਸਮਾਨ ਦੀ ਦੁਸ਼ਮਣਾ ਨੇ ਘੇਰਾਬੰਦੀ ਕਰ ਦਿੱਤੀ ਤਾਂ ਆਪ ਨੇ ਇਕ ਉੱਚੀ ਕੋਠਰੀ ਦੇ ਰੋਸ਼ਦਾਨ'ਚੋਂ ਝਾਤੀ ਮਾਰਕੇ ਲੋਕਾਂ ਨੂੰ ਪੁੱਛਿਆ, ਕੀ ਤੁਹਾਡੇ ਵਿੱਚ ਤਲਹਾ ਹੈ ? ਉਹਨਾ ਨੇ ਕਿਹਾ ਜੀ ਹਾਂ, ਹੈ । ਆਪ ਨੇ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਰੱਬ ਦੀ ਸਹੁੰ ਦੇਕੇ ਪੁਛੱਦਾ ਹਾਂ ਕਿ ਕੀ ਤੁਹਾਨੂੰ ਪਤਾ ਹੈ ਕਿ ਜੱਦ ਰਸੂਲੁਲੱਾਹ

ਸਲਲੱਾਹੁ ਅਲੈਹਿ ਵਸਲਮ ਨੇ ਮੁਹਾਜਰਾਂ ਤੇ ਅੰਸਾਰ ਵਿਰਕਾਰ ਭਾਈਬੰਦੀ ਕਾਇਮ ਕੀਤੀ ਸੀ ਤਾਂ ਉਸ ਸਮੇਂ ਆਪ ਸਲਲੱਾਹੁ ਅਲਹਿ ਵਸਲੱਮ ਨੇ ਆਪਣੇ ਨਾਲ ਮੇਰੀ ਭਾਈਬੰਦੀ ਕਾਇਮ ਕੀਤੀ ਸੀ । ਇਸ'ਤੇ ਤਲਹਾ ਨੇ ਕਿਹਾ, ਵਲੱਾਹ, ਇਹ ਗੱਲ ਠੀਕ ਹੈ ।

ਹਜ਼ਰਤ ਉਸਮਾਨ ਦਾ ਉਮੁੱਲ ਕੁਲਸੂਮ ਨਾਲ ਵਿਆਹ ਦੀ ਘਟਨਾ ਦਾ ਜ਼ਿਕਰ ਇਉਂ ਮਿਲਦਾ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਰੁਕਯੱਾ ਦੇ ਦੇਹਾਂਤ ਦੇ ਬਾਦ ਹਜ਼ਰਤ ਉਸਮਾਨ ਬਿਨ ਅਫ਼ਾਨ ਦੇ ਨਾਲ ਆਪਣੀ ਸਾਹਿਬਜ਼ਾਦੀ ਹਜ਼ਰਤ ਉਮੁੱਲ ਕੁਲਸੂਮ ਦਾ ਵਿਆਹ ਕਰ ਦਿਤੱਾ । ਹਜ਼ਰਤ ਅਬੂ ਹੁਰੈਰਾ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਉਸਮਾਨ ਨੂੰ ਮਸਜਿਦ ਦੇ ਦਰਵਾਜ਼ੇ'ਤੇ ਮਿਲੇ ਅਤੇ ਫ਼ਰਮਾਉਣ ਲੱਗੇ ਕਿ ਉਸਮਾਨ ਇਹ ਜਿਬਰੀਲ ਹਨ, ਇਹਨਾ ਨੇ ਮੈਂਨੂੰ ਖ਼ਬਰ ਦਿੱਤੀ ਹੈ ਕਿ ਰੱਬ ਨੇ ਉਮੁੱਲ ਕੁਲਸੂਮ ਦਾ ਨਿਕਾਹ ਰੁਕਯੱਾ ਜਿੰਨ੍ਹੇ ਹਕ ਮਹਿਰ'ਤੇ ਅਤੇ ਤੁਹਾਡੇ ਚੰਗੇ ਵਰਤਾਉ ਕਰਕੇ ਤੁਹਾਡੇ ਨਾਲ ਕਰ ਦਿਤੱਾ ਹੈ ।

ਹਜ਼ਰਤ ਆਇਸ਼ਾ ਰਜ਼ਜੀ ਅਲੱਾਹ ਅਨਹਾ ਬਿਆਨ ਕਰਦੀ ਹਨ ਕਿ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਮੁੱਲ ਕੁਲਸੂਮ ਦਾ ਵਿਆਹ ਹਜ਼ਰਤ ਉਸਮਾਨ ਨਾਲ ਕੀਤਾ ਤਾਂ ਆਪ ਨੇ ਹਜ਼ਰਤ ਉਮੇ ਐਮਨ ਨੂੰ ਫ਼ਰਮਾਇਆ ਮੇਰੀ ਬੇਟੀ ਉਮੁੱਲ ਕੁਸੂਮ ਨੂੰ ਤਿਆਰ ਕਰਕੇ ਉਸਮਾਨ ਦੇ ਘਰ ਛੱਡ ਆਓ ਅਤੇ ਉਸ ਦੇ ਸਾਹਮਣੇ ਦਫ਼ (ਡਫਲੀ, ਭਾਵ ਖੁਸ਼ੀ ਦੇ ਗੀਤ ਗਾਓ) ਵਜਾਓ । ਸੋ, ਉਹਨਾ ਨੇ ਅਜਿਹਾ ਹੀ ਕੀਤਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤਿੰਨ ਦਿਨਾ ਬਾਦ ਹਜ਼ਰਤ ਉਮੁੱਲ ਕੁਲਸੂਮ ਕੋਲ ਉਹਨਾ ਦੇ ਘਰ ਗਏ ਅਤੇ ਫ਼ਰਮਾਇਆ, ਹੇ, ਮੇਰੀ ਪਿਆਰੀ ਬੇਟੀ, ਤੁਸੀਂ ਆਪਣੀ ਪਤੀ ਨੂੰ ਕਿਹੋ ਜਿਹਾ ਦੇਖਿਆ ? ਕੁਲਸੂਮ ਨੇ ਅਰਜ਼ ਕੀਤੀ ਉਹ ਚੰਗੇ ਪਤੀ ਹਨ । ਹਜ਼ਰਤ ਉਮੁੱਲੂ ਕੁਲਸੂਮ ਹਜ਼ਰਤ ਉਸਮਾਨ ਕੋਲ 9 ਹਿਜਰੀ ਤੱਕ ਰਹੀਂ, ਇਸਦੇ ਬਾਦ ਬਿਮਾਰ ਹੋਕੇ ਦੇਹਾਂਤ ਹੋ ਗਿਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਈ ਅਤੇ ਉਹਨਾ ਦੀ ਕਬਰ ਕੋਲ ਬੈਠੇ । ਆਪ ਦੀਆਂ ਅਖੱਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ । ਇਕ ਰਿਵਾਇਤ ਵਿੱਚ ਹੈ ਕਿ ਆਪ ਨੇ ਹਜ਼ਰਤ ਉਮੁੱਲ ਕੁਲਸੂਮ ਦੇ ਦੇਹਾਂਤ'ਤੇ ਫ਼ਰਮਾਇਆ ਕਿ ਜੇਕਰ ਮੇਰੀ ਕੋਈ ਤੀਜੀ ਬੇਟੀ ਵੀ ਹੁੰਦੀ ਤਾਂ ਮੈਂ ਉਸ ਦਾ ਵਿਆਹ ਵੀ ਉਸਮਾਨ ਨਾਲ ਕਰਵਾ ਦਿੰਦਾ। ਹਜ਼ਰਤ ਅਬੱਾਸ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਕ ਥਾਂ ਤੋਂ ਲੰਘ ਰਹੇ ਸਨ ਤਾਂ ਦੇਖਿਆ ਕਿ ਹਜ਼ਰਤ ਉਸਮਾਨ ਹਜ਼ਰਤ ਉਮੁੱਲ ਕੁਲਸੂਮ ਬਿੰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਦੇਹਾਂਤ ਦੇ ਦੁੱਖ ਵਿੱਚ ਰੋ ਰਹੇ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਪੁੱਛਿਆ ਹੇ ਉਸਮਾਨ ਤੁਸੀਂ ਕਿਉਂ ਰੋ ਰਹੇ ਹੋ ? ਹਜ਼ਰਤ ਉਸਮਾਨ ਨੇ ਅਰਜ਼ ਕੀਤੀ ਹੇ ਅਲੱਾਹ ਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਮੈਂ ਇਸ ਕਰਕੇ ਰੋ ਰਿਹਾ ਹਾਂ ਕਿ ਮੇਰਾ ਆਪ ਨਾਲ ਦਾਮਾਦੀ ਦਾ ਸੰਬੰਧ ਖ਼ਤਮ ਹੋ ਗਿਆ ਹੈ । ਆਪ ਨੇ ਫ਼ਰਮਾਇਆ ਕਿ ਨ ਰੋਵੋ, ਸਹੁੰ ਹੈ ਉਸ ਰੱਬ ਦੀ ਜਿਸਦੇ ਕਬਜ਼ੇ ਕੁਦਰਤ ਵਿੱਚ ਮੇਰੀ ਜਾਨ ਹੈ ਕਿ ਜੇਕਰ ਮੇਰੀਆਂ ਸੌ ਬੇਟੀਆਂ ਹੁੰਦੀਆਂ ਅਤੇ ਇਕ ਇਕ ਕਰਕੇ ਫ਼ੌਤ ਹੋ ਜਾਂਦੀਆਂ ਤਾਂ ਮੈਂ ਹਰ ਇਕ ਨੇ ਬਾਦ ਦੂਜੀ ਤੇਰੇ ਨਾਲ ਵਿਆਹ ਦਿੰਦਾ ਇੱਥੋ ਤੱਕ ਕਿ ਸੌ ਵਿੱਚੋਂ ਇਕ ਵੀ ਬਾਕੀ ਨ ਰਹਿੰਦੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਾਕੀ ਜ਼ਿਕਰ ਇਨਸ਼ਾਅਲੱਾਹ ਭਵਿੱਖ ਵਿੱਚ ਹੋਵੇਗਾ । ਜਿਵੇਂ ਕਿ ਮੈਂ ਹਰ ਜੁਮਏ ਵਿੱਚ ਤਹਿਰੀਕ ਕਰ ਰਿਹਾ ਹਾਂ, ਪਾਕਿਸਤਾਨ ਦੇ ਲੋਕਾਂ ਲਈ, ਅਹਮਦੀਆਂ ਲਈ ਦੁਆਵਾਂ ਕਰਦੇ ਰਹੋ । ਵਿਰੋਧੀ ਤਾਂ ਆਪਣੇ ਵੱਲੋਂ ਆਪਣੇ ਭਰਮ ਵਿੱਚ ਦਾਇਰਾ ਤੰਗ ਕਰ ਰਹੇ ਹਨ ਪਰ ਉਹਨਾ ਨੂੰ ਇਹ ਨਹੀਂ ਪਤਾ ਕਿ ਇਕ ਹਸਤੀ ਇਹਨਾ ਤੋਂ ਵੀ ਉਪੱਰ ਹੈ, ਰੱਬ ਵੀ ਹੈ ਜਿਸਦੀ ਕੁਦਰਤ ਹਰ ਪਾਸੇ ਚੱਲ ਰਹੀ ਹੈ ਅਤੇ ਉਸ ਦਾ ਦਾਇਰਾ ਵੀ ਇਹਨਾ'ਤੇ ਤੰਗ ਹੋ ਰਿਹਾ ਹੈ ਅਤੇ ਉਹ ਦਾਇਰਾ ਜੱਦ ਤੰਗ ਹੁੰਦਾ ਹੈ ਤਾਂ ਫਿਰ ਇਸ ਵਿੱਚੋਂ ਨਿਕਲਣਾ ਅਸੰਭਵ ਹੁੰਦਾ ਹੈ। ਅਲੱਾਹ ਤਆਲਾ ਇਹਨਾ ਲੋਕਾਂ ਨੂੰ ਅਕਲ ਦੇਵੇ ਅਤੇ ਇਹ ਲੋਕ ਹੁਣ ਵੀ ਅਕਲ ਨਾਲ ਕੰਮ ਲੈ ਲੈਂਣ ਅਤੇ ਅਕਾਰਣ ਹੀ ਜ਼ੁਲਮ ਤੇ ਅਤਿਆਚਾਰ ਤੋਂ ਬਾਜ਼ ਰਹਿਣ। ਇਸੇ ਪ੍ਰਕਾਰ ਅਲ ਜਜ਼ਾਇਰ ਨੇ ਲੋਕਾਂ ਲਈ ਵੀ ਦੁਆ ਕਰੋ, ਇਹਨਾ ਦਾ ਇਮਾਨ ਸਲਾਮਤ ਰਹੇ । ਇਸੇ ਪ੍ਰਕਾਰ ਕਈ ਹੋਰ ਥਾਵਾਂ'ਤੇ ਵੀ ਅਮਹਦੀਆਂ ਦੀ ਵਿਰੋਧਤਾ ਬਹੁਤ ਅਧਿਕ ਹੋ ਰਹੀ ਹੈ । ਅਲੱਾਹ ਤਆਲਾ ਹਰ ਥਾਂ ਹਰ ਅਹਮਦੀ ਨੂੰ ਹਰ ਪੱਖੋਂ ਸੁਰੱਖਿਅਤ ਰੱਖੇ ।

ਇਸ ਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਮੌਲਾਨਾ ਸੁਲਤਾਨ ਮਹਮੂਦ ਅਨਵਰ ਸਾਹਬ ਸਾਬਕਾ ਨਾਜ਼ਿਰ ਇਸਲਾਹ ਵ ਇਰਸ਼ਾਦ ਮਰਕਜ਼ੀਆ ਰਬਵਾਹ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਮੁਕਰੱਮ ਮੌਲਾਨਾ ਮੁਹਮੱਦ ਉਮਰ ਸਾਹਬ ਸਾਬਕ ਨਾਜ਼ਿਰ ਇਸਲਾਹ ਵ ਇਰਸ਼ਾਦ ਮਰਕਜ਼ੀਆ ਕਾਦੀਆਂ ਦਾ ਜ਼ਿਕਰੇ ਖ਼ੈਰ ਕਰਦਿਆਂ ਹੋਇਆਂ ਫ਼ਰਮਾਇਆ : ਮੌਲਾਨਾ ਮੁਹਮੱਦ ਉਮਰ ਸਾਹਬ ਸਾਬਕਾ ਨਾਜ਼ਿਰ ਇਸਲਾਹ ਵ ਇਰਸ਼ਾਦ ਮਰਕਜ਼ੀਆ ਕਾਦੀਆਂ ਜੋ ਪੀ ਕੇ ਇਬ੍ਰਾਹੀਮ ਸਾਹਬ ਦੇ ਪੁਤੱਰ ਸਨ । ਇਹਨਾ ਦਾ 21 ਜਨਵਰੀ ਨੂੰ 87 ਸਾਲ ਦੀ ਉਮਰ ਵਿੱਚ ਦੇਹਾਂਤ ਹੋਇਆ ਹੈ । انا للہ وانا الیہ راجعون ਇਹਨਾ ਦਾ ਸੰਬੰਧ ਕੈਰਾਲਾ ਤੋਂ ਸੀ । ਮੌਲਾਨਾ ਉਮਰ ਸਾਹਬ 1954 ਈ. ਵਿੱਚ ਕਾਦੀਆਂ ਆਏ ਜੱਦ ਕਿ ਭਾਰਤ ਵੰਡ ਦੇ ਬਾਦ ਦੇਸ਼ ਵਿੱਚ ਮੁੜ ਤੋਂ ਮਦਰਸਾ ਅਹਮਦੀਆ ਦੀ ਨਵੇਂ ਸਿਰਿਓਂ ਅਰੰਭ ਹੋ ਚੁਕਾ ਸੀ । 1955 ਈ. ਵਿੱਚ ਮਦਰਸੇ ਵਿੱਚ ਦਾਖ਼ਲ ਹੋਏ ਅਤੇ 1961 ਈ. ਵਿੱਚ ਮਦਰਸਾ ਤੇ ਪੰਜਾਬ ਯੂਨੀਵਰਸਿਟੀ ਤੋਂ ਮੌਲਵੀ ਫ਼ਾਜ਼ਲ ਦੀ ਪ੍ਰੀਖਿਆ ਪਾਸ ਕਰਕੇ ਇਕ ਸਾਲ ਤੱਕ ਮਦਰਸੇ ਵਿੱਚ ਪੜ੍ਹਾਉਂਦੇ ਰਹੇ । 1962 ਈ. ਵਿੱਚ ਪ੍ਰਚਾਰਕ ਦੇ ਰੂਪ ਵਿੱਚ ਸੇਵਾ ਦਾ ਕੰਮ ਅਰੰਭ ਕੀਤਾ । ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਕੰਮ ਕੀਤਾ ਅਤੇ

ਬਹੁਤ ਸਫ਼ਲ ਪ੍ਰਚਾਰਕ ਦੇ ਰੂਪ ਵਿੱਚ ਸੇਵਾ ਬਜਾ ਲਿਆਉਂਦੇ ਰਹੇ । ਪ੍ਰਚਾਰਕ ਜਲਸਿਆਂ ਵਿੱਚ ਇਹਨਾ ਦੇ ਭਾਸ਼ਣ ਹੁੰਦੇ ਸਨ । ਮੁਨਾਜ਼ਰਾ ਯਾਦਗੀਰ ਵਿੱਚ ਭਾਗ ਲਿਆ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੀ ਵਿਸ਼ੇਸ਼ ਰਹਿਨੁਮਾਈ ਵਿੱਚ ਕੋਇਮਬਟੂਰ ਦੇ ਇਤਿਹਾਸਕ ਮੁਨਾਜ਼ਰੇ ਵਿੱਚ ਇਹਨਾ ਨੇ ਬਹੁਤ ਮਹਤੱਵਪੂਰਨ ਕੰਮ ਕੀਤਾ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਨੇ ਇਹਨਾ ਦੇ ਕੰਮਾ ਨੂੰ ਸਰਾਹੁੰਦਿਆਂ ਹੋਇਆਂ ਆਪਣੇ ਖੁਤਬੇ ਵਿੱਚ ਫ਼ਰਮਾਇਆ ਸੀ, ਸਾਡੇ ਮੌਲਵੀ ਮੁਹਮੱਦ ਉਮਰ ਸਾਹਬ ਮੁਬਲੱਗ਼ ਸਿਲਸਿਲਾ ਹਨ, ਇਹਨਾ ਨੂੰ ਰੱਬ ਨੇ ਇਸ ਗੱਲ ਦਾ ਜੁਨੂਨ ਦਿਤੱਾ ਹੋਇਆ ਹੈ ਕਿ ਏਧਰ ਕੰਨ੍ਹਾ ਤੱਕ ਅਵਾਜ਼ ਪਹੁੰਚੀ ਓਧਰ ਝੱਟ ਇਸਦੇ ਅਨੁਵਾਦ ਕੀਤੇ ਅਤੇ ਝੱਟ ਸਾਰੀ ਜਮਾਤਾਂ ਤੱਕ ਪਹੁੰਚਾ ਦਿੱਤੇ । ਇਹ ਬਹੁਤ ਵੱਡੀ ਮਿਹਨਤ ਦਾ ਕੰਮ ਕਰਿਆ ਕਰਦੇ ਸਨ । ਲਗਭਗ ਇਕ ਸਾਲ ਤੱਕ ਫ਼ਲਸਤੀਨ ਵਿੱਚ ਵੀ ਜਮਾਤ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ । ਕੁਰਆਨ ਕਰੀਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਈ ਕਿਤਾਬਾਂ ਤੇ ਰਸਾਲਿਆਂ ਦਾ ਮਲਿਆਲਮ ਭਾਸ਼ਾ ਵਿੱਚ ਅਨੁਵਾਦ ਕਰਨ ਦਾ ਸੰਜੋਗ ਪ੍ਰਾਪਤ ਹੁੰਦਾ ਰਿਹਾ । 2007 ਈ. ਵਿੱਚ ਜੱਦ ਇਹਨਾ ਨੂੰ ਮੈਂ ਨਾਜ਼ਿਰ ਇਸਲਾਹ ਵ ਇਰਸ਼ਾਦ ਮਰਕਜ਼ੀਆ ਨਿਯੁਕਤ ਕੀਤਾ ਅਤੇ ਫਿਰ ਨਾਜ਼ਿਰ ਐਡੀਸ਼ਨਲ ਨਾਜ਼ਿਰ ਇਸਲਾਹ ਵ ਇਰਸ਼ਾਦ ਤਾਲੀਮੁਲ ਕੁਰਆਨ ਅਤੇ ਵਕਫ਼ੇ ਆਰਜ਼ੀ ਨਿਯੁਕਤ ਕੀਤਾ ਅਤੇ ਫਿਰ ਨਾਇਬ ਨਾਜ਼ਿਰ ਆਲਾ ਦੇ ਰੂਪ ਵਿੱਚ ਸੇਵਾ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਬਹੁਤ ਹੀ ਸੋਹਣੇ ਢੰਗ ਨਾਲ ਇਹਨਾ ਦੇ ਆਪਣੇ ਕਰਤਵਾਂ ਨੂੰ ਨਿਭਾਇਆ । ਮਦਰਸਾ ਅਹਮਦੀਆ ਦੀ ਪੜ੍ਹਾਈ ਪੂਰਨ ਕਰਨ ਦੇ ਬਾਦ ਸਾਮੂਹਿਕ ਰੂਪ ਵਿੱਚ ਮਰਹੂਮ ਨੂੰ 53 ਸਾਲ ਤੱਕ ਜਮਾਤ ਦੀ ਸੇਵਾ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਸ੍ਰੀਲੰਕਾ ਦੇ ਨੈਸ਼ਨਲ ਸਦਰ ਸਾਹਬ ਲਿਖੱਦੇ ਹਨ ਕਿ ਸ੍ਰੀਲੰਕਾ ਦੀ ਜਮਾਤ ਦੇ ਇਤਿਹਾਸ ਵਿੱਚ ਉਹ ਦੌਰ ਹਮੇਸ਼ਾ ਸੁਨਹਿਰੀ ਅਖੱਰਾਂ ਵਿੱਚ ਸੁਰੱਖਿਅਤ ਰਹੇਗਾ ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਦੀ ਬਰਕਤਾਂ ਭਰਪੂਰ ਅਗਵਾਈ ਹੇਠ ਮੌਲਾਨਾ ਸਾਹਬ ਪਹਿਲੀ ਵਾਰ ਮਰਕਜ਼ੀ (ਕੇਂਦਰੀ) ਨੁਮਾਇੰਦੇ ਵੱਜੋਂ ਰੱਬ ਦੀ ਅਪਾਰ ਮਿਹਰ ਨਾਲ 1978 ਈ. ਵਿੱਚ ਸ੍ਰੀਲੰਕਾ ਆਏ ਸਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਚਾਰ ਕਿਤਾਬਾਂ ਤਾਮਿਲ ਭਾਸ਼ਾ ਵਿੱਚ ਅਨੁਵਾਦ ਕੀਤੀਆਂ ਅਤੇ ਵੱਖ ਵੱਖ ਵਿਸ਼ਿਆਂ'ਤੇ ਸੱਤ ਕਿਤਾਬਾਂ ਤਾਮਿਲ ਭਾਸ਼ਾ ਵਿੱਚ ਆਪ ਰਚੀਆਂ । ਤਾਮਿਲ ਨਾਡੂ ਪ੍ਰਾਂਤ ਵਿੱਚ ਜਮਾਤੀ ਰਸਾਲਾ ਸਮਦਾਨਾਵਜ਼ਰੀ ਦਾ ਅਰੰਭ ਕਰਕੇ ਇਸ ਲੰਮੇ ਸਮੇਂ ਤੱਕ ਓੱਥੋਂ ਹੋਰਨਾ ਪ੍ਰਾਂਤਾ ਲਈ ਪ੍ਰਕਾਸ਼ਤ ਕਰਦੇ ਰਹੇ । ਅਲੱਾਹ ਤਆਲਾ ਮਰਹੂਮ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ ਅਤੇ ਇਹਨਾ ਦੇ ਦਰਜਿਆਂ ਨੂੰ ਬੁਲੰਦ ਕਰੇ । ਇਹਨਾ ਦੀ ਸੰਤਾਨ ਨੂੰ ਵੀ ਕਾਮਲ ਵਫ਼ਾਦਾਰੀ ਨਾਲ ਜਮਾਤ ਨਾਲ ਸੰਬੰਧ ਰਖੱਣ ਦਾ ਸੰਜੋਗ ਪ੍ਰਦਾਨ ਕਰੇ ।

ਅਗਲਾ ਜ਼ਿਕਰ ਮੁਕਰੱਮਾ ਸੁਗ਼ਰਾ ਬੇਗ਼ਮ ਸਾਹਿਬਾ ਸੁਪਤੱਨੀ ਮੁਕਰੱਮ ਦੀਨ ਮੁਹਮੱਦ ਸਾਹਬ ਨੰਗਲੀ ਦਰਵੇਸ਼ ਕਾਦੀਆਂ ਹੈ, ਇਹਨਾ ਦੀ ਵਫ਼ਾਤ 6 ਜਨਵਰੀ ਨੂੰ 85 ਸਾਲ ਦੀ ਉਮਰ ਵਿੱਚ ਹੋਈ ਹੈ انا للہ وانا الیہ راجعون ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬੀ ਹਜ਼ਰਤ ਹਕੀਮ ਮੁਹਮੱਦ ਰਮਜ਼ਾਨ ਸਾਹਬ ਰਜ਼ੀ ਅਲੱਲਹਾ ਅਨਹੁ ਦੀ ਬੇਟੀ ਸਨ, ਆਪ ਨੂੰ ਕਈ ਸਾਲ ਤੱਕ ਸੈਕਰੇਟਰੀ ਲਜਨਾ ਇਮਾਉਲੱਾਹ ਦੇ ਰੂਪ ਵਿੱਚ ਸੇਵਾ ਕਰਨ ਸੰਜੋਗ ਪ੍ਰਾਪਤ ਹੋਇਆ । ਇਹਨਾ ਤੋਂ ਬਿਨਾਂ ਮੁਕਰੱਮ ਹਬੀਬ ਅਹਮਦ ਸਾਹਬ ਮੁਰੱਬੀ ਸਿਲਸਿਲਾ ਰਬਵਾਹ, ਮੁਕਰੱਮ ਬਦਰੁਜ਼ੱਮਾਂ ਸਾਹਬ ਯੂਕੇ, ਮੁਕਰੱਮ ਮਨਸੂਰ ਅਹਮਦ ਤਹਸੀਨ ਸਾਹਬ ਰਬਵਾਹ, ਮੁਕਰੱਮ ਡਾਕਟਰ ਐਦੀ ਇਬ੍ਰਾਹੀਮ ਮਵਾਂਗਾ ਸਾਹਬ ਤਨਜ਼ਾਨੀਆ, ਮੁਕਰੱਮ ਚੌਧਰੀ ਕਰਾਮਤੁਲੱਾਹ ਸਾਹਬ ਯੂਕੇ, ਮੁਕਰੱਮ ਚੌਧਰੀ ਮੁਨਵੱਰ ਅਮਹਦ ਖ਼ਾਲਿਦ ਸਾਹਬ ਜਰਮਨੀ, ਮੁਕਰੱਮਾ ਨਸੀਰਾ ਬੇਗ਼ਮ ਸਾਹਿਬਾ ਬੰਗਲਾਦੇਸ਼ ਅਤੇ ਮੁਕਰੱਮ ਰਫ਼ੀਉੱਦੀਨ ਬਟ ਸਾਹਬ ਦੇ ਸਦਗੁਣਾ ਦਾ ਜ਼ਿਕਰ ਕੀਤਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਲੱਾਹ ਤਆਲਾ ਇਹਨਾ ਸਾਰਿਆਂ ਮਰਹੂਮਾਂ ਦੇ ਦਰਜਿਆਂ ਨੂੰ ਬੁਲੰਦ ਕਰੇ ਅਤੇ ਆਪਣੇ ਪਿਆਰਿਆਂ ਦੇ ਨੇੜੇ ਥਾਂ ਪ੍ਰਦਾਨ ਕਰੇ । ਨਮਾਜ਼ ਦੇ ਬਾਦ ਇਹਨਾ ਮਰਹੂਮਾਂ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਵਾਂਗਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ
وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ
یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 22.01.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)
Toll Free Shoba Noorul Islam-1800-3010-2131